ਉੱਚ-ਜੋਖਮ ਵਾਲੇ ਨਵਜੰਮੇ ਬੱਚਿਆਂ ਲਈ ਇੱਕ ਬਿਹਤਰ ਸ਼ੁਰੂਆਤ

## ਬੱਚਿਆਂ ਲਈ ਇੱਕ ਬਿਹਤਰ ਸ਼ੁਰੂਆਤ

ਸੰਵੇਦੀ | ਗਤੀਸ਼ੀਲਤਾ | ਧਿਆਨ/ਨਿਯੰਤਰਣ | ਰਿਸ਼ਤੇ | ਮਿਲ ਕੇ

# ਖੇਡ ਰਾਹੀਂ ਆਪਣੇ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨਾ: 0 ਤੋਂ 3 ਮਹੀਨੇ ਦੇ ਬੱਚੇ

ਸਾਡੀ ਵੈੱਬਸਾਈਟ 'ਤੇ ਜਾਓ: www.eismart.co.uk @EISmart @EI_Smart

**ਛੂਹਣਾ, ਹਿੱਲਣਾ-ਜੁੱਲਣਾ, ਸੁੰਘਣਾ, ਚੱਖਣਾ, ਸੁਣਨਾ ਅਤੇ ਦੇਖਣਾ**
**ਤੁਹਾਡਾ ਬੱਚਾ ਬਹੁਤ ਤੇਜ਼ੀ ਨਾਲ ਸਿੱਖ ਰਿਹਾ ਹੈ। ਉਨ੍ਹਾਂ ਨੂੰ ਤੁਹਾਡੀ ਮਦਦ ਅਤੇ ਮਾਰਗਦਰਸ਼ਨ ਦੀ ਲੋੜ ਹੈ।**

| ਖੇਡ ਦਾ ਵਿਚਾਰ | ਇਹ ਮੇਰੇ ਬੱਚੇ ਦੀ ਕਿਵੇਂ ਮਦਦ ਕਰਦਾ ਹੈ? |
|---|---|

### ਚਿਹਰਿਆਂ ਨਾਲ ਗੱਲਬਾਤ



### ਗੱਲਬਾਤ ਰਾਹੀਂ ਮੇਰੇ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨਾ

- ਮਹਿੰਗੇ ਖਿਡੌਣਿਆਂ ਦੀ ਲੋੜ ਨਹੀਂ ਹੈ। ਤੁਹਾਡਾ ਚਿਹਰਾ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਖਿਡੌਣਾ ਹੈ!
- ਤੁਹਾਡਾ ਬੱਚਾ ਤੁਹਾਡੇ ਚਿਹਰੇ ਵੱਲ ਦੇਖਣਾ, ਉਸ ਦੀ ਪੜਚੋਲ ਕਰਨਾ ਅਤੇ ਉਸ ਨੂੰ ਛੂਹਣਾ ਪਸੰਦ ਕਰਦਾ ਹੈ।
- ਤੁਹਾਡਾ ਬੱਚਾ ਤੁਹਾਡੀ ਆਵਾਜ਼ ਸੁਣਨਾ ਪਸੰਦ ਕਰਦਾ ਹੈ ਅਤੇ ਇਹ ਤੁਹਾਡੇ ਬੱਚੇ ਦੀ ਭਾਸ਼ਾ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ।
- ਆਪਣੇ ਬੱਚੇ ਨਾਲ ਗੱਲ ਕਰਦੇ ਸਮੇਂ ਰੁਕੋ ਅਤੇ ਆਪਣੇ ਬੱਚੇ ਦੇ ਹੁੰਗਾਰੇ ਅਤੇ ਆਪਣੀ ਵਾਰੀ ਦੀ ਉਡੀਕ ਕਰੋ। ਇਹ ਇੱਕ ਗੱਲਬਾਤ ਦੀ ਸ਼ੁਰੂਆਤ ਹੈ!

### ਦੇਖਣ ਲਈ ਦਿਲਚਸਪ ਚੀਜ਼ਾਂ





### ਦੇਖਣ ਰਾਹੀਂ ਮੇਰੇ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨਾ

- ਛੋਟੇ ਬੱਚੇ ਦੇਖਣ ਲਈ ਦਿਲਚਸਪ ਚੀਜ਼ਾਂ ਅਤੇ ਵਿਪਰੀਤ ਤਰੀਕੇ ਪਸੰਦ ਕਰਦੇ ਹਨ।
- ਇਹ ਦ੍ਰਿਸ਼ਟੀਗਤ ਧਿਆਨ ਅਤੇ ਸਿੱਖਣ ਦੇ ਹੁਨਰ ਵਿੱਚ ਮਦਦ ਕਰਦਾ ਹੈ।
- ਤਸਵੀਰਾਂ ਤੁਹਾਡੇ ਬੱਚੇ ਦੇ ਚਿਹਰੇ ਤੋਂ ਲਗਭਗ 30 ਸੈਂਟੀਮੀਟਰ ਦੀ ਦੂਰੀ 'ਤੇ ਹੋਣੀਆਂ ਚਾਹੀਦੀਆਂ ਹਨ
- ਨੋਟ: ਯਕੀਨੀ ਬਣਾਓ ਕਿ ਤਸਵੀਰਾਂ ਬੱਚੇ ਦੇ ਚਿਹਰੇ ਦੇ ਬਹੁਤ ਨੇੜੇ ਨਾ ਹੋਣ ਅਤੇ ਉਹਨਾਂ ਦੀ ਵਰਤੋਂ ਸਿਰਫ਼ ਕੁਝ ਮਿੰਟਾਂ ਲਈ ਹੀ ਕਰੋ ਜਦੋਂ ਤੁਹਾਡਾ ਬੱਚਾ ਦੇਖ ਰਿਹਾ ਹੋਵੇ ਅਤੇ ਦਿਲਚਸਪੀ ਲੈ ਰਿਹਾ ਹੋਵੇ।

### ਪਲੇ ਮੈਟ (ਖੇਡਣ ਦੀ ਚਟਾਈ)



### ਪੜਚੋਲ ਰਾਹੀਂ ਮੇਰੇ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨਾ

- ਇਹ ਚੀਜ਼ਾਂ ਤੱਕ ਪਹੁੰਚਣ ਅਤੇ ਫੜਨ ਨੂੰ ਉਤਸ਼ਾਹਿਤ ਕਰਦਾ ਹੈ
- ਜਦੋਂ ਤੁਹਾਡਾ ਬੱਚਾ ਕੋਈ ਖਿਡੌਣਾ ਫੜਦਾ ਹੈ, ਤਾਂ ਇਹ ਉਸ ਦਾ ਧਿਆਨ ਆਪਣੇ ਹੱਥਾਂ ਵੱਲ ਖਿੱਚਦਾ ਹੈ
- ਇਹ ਕਿਸੇ ਵਸਤੂ ਨੂੰ ਮੂੰਹ ਤੱਕ ਲਿਜਾਣ ਲਈ ਹੱਥਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਦਾ ਹੈ
- ਝੁੰਜਣੀਆਂ ਵਰਗੇ ਖਿਡੌਣੇ ਜੋ ਹਲਕੀ ਆਵਾਜ਼ ਕਰਦੇ ਹਨ, ਤੁਹਾਡੇ ਬੱਚੇ ਨੂੰ 'ਕਾਰਨ ਅਤੇ ਪ੍ਰਭਾਵ' ਦੀ ਸਮਝ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ

### ਝੁੰਜਣੀਆਂ ਅਤੇ ਟੀਥਰ





### ਹੱਥਾਂ ਦੀ ਵਰਤੋਂ ਰਾਹੀਂ ਮੇਰੇ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨਾ

- ਇਹ ਚੀਜ਼ਾਂ ਤੱਕ ਪਹੁੰਚਣ ਅਤੇ ਫੜਨ ਨੂੰ ਉਤਸ਼ਾਹਿਤ ਕਰਦਾ ਹੈ
- ਜਦੋਂ ਤੁਹਾਡਾ ਬੱਚਾ ਕੋਈ ਖਿਡੌਣਾ ਫੜਦਾ ਹੈ, ਤਾਂ ਇਹ ਉਸ ਦਾ ਧਿਆਨ ਆਪਣੇ ਹੱਥਾਂ ਵੱਲ ਖਿੱਚਦਾ ਹੈ
- ਇਹ ਕਿਸੇ ਵਸਤੂ ਨੂੰ ਮੂੰਹ ਤੱਕ ਲਿਜਾਣ ਲਈ ਹੱਥਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਦਾ ਹੈ
- ਝੁੰਜਣੀਆਂ ਵਰਗੇ ਖਿਡੌਣੇ ਜੋ ਹਲਕੀ ਆਵਾਜ਼ ਕਰਦੇ ਹਨ, ਤੁਹਾਡੇ ਬੱਚੇ ਨੂੰ 'ਕਾਰਨ ਅਤੇ ਪ੍ਰਭਾਵ' ਦੀ ਸਮਝ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ

### ਜਾਗਦੇ ਸਮੇਂ ਪੇਟ ਦੇ ਭਾਰ ਲੇਟਣਾ



### ਮੇਰੇ ਬੱਚੇ ਨੂੰ ਰੇਂਗਣ ਲਈ ਤਿਆਰ ਕਰਨ ਵਿੱਚ ਮਦਦ ਕਰਨਾ

- ਇਹ ਪੇਟ ਦੇ ਭਾਰ ਲੇਟਣ ਵਿੱਚ ਸਹਿਜ ਹੋਣ ਵਿੱਚ ਮਦਦ ਕਰਦਾ ਹੈ
- ਇਹ ਸਿਰ ਦੇ ਨਿਯੰਤਰਣ ਅਤੇ ਬਾਹਾਂ ਦੀ ਤਾਕਤ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ

**ਨੋਟ:** ਦਿਨ ਭਰ ਆਪਣੇ ਬੱਚੇ ਦੀ ਸਹਿਣਸ਼ੀਲਤਾ ਅਨੁਸਾਰ ਇਸ ਨੂੰ ਵਾਰ-ਵਾਰ ਅਤੇ ਥੋੜ੍ਹੇ ਸਮੇਂ ਲਈ ਅਜ਼ਮਾਓ।

**ਕੀ ਤੁਸੀਂ ਜਾਣਦੇ ਹੋ?** ਬੱਚੇ ਰਿਸ਼ਤਿਆਂ ਦੇ ਮਾਹੌਲ ਵਿੱਚ ਸਿੱਖਦੇ ਹਨ, ਇਸ ਲਈ ਗੱਲਬਾਤ ਕਰਨਾ, ਖੇਡਣਾ ਅਤੇ ਪਿਆਰ ਨਾਲ ਛੂਹਣਾ ਤੁਹਾਡੇ ਬੱਚੇ ਦੇ ਬੌਧਿਕ, ਭਾਸ਼ਾਈ ਅਤੇ ਸਰੀਰਕ ਹੁਨਰਾਂ ਨੂੰ ਵਿਕਸਿਤ ਕਰੇਗਾ।

ਖੇਡ ਹੀ ਉਹ ਤਰੀਕਾ ਹੈ ਜਿਸ ਰਾਹੀਂ ਬੱਚਾ ਸਿੱਖਦਾ ਹੈ। ਇਹ ਲੀਫਲੈਟ (ਪਰਚਾ) ਅਜਿਹੀਆਂ ਗਤੀਵਿਧੀਆਂ ਦੇ ਵਿਚਾਰ ਪ੍ਰਦਾਨ ਕਰਨ ਲਈ ਬਣਾਇਆ ਗਿਆ ਸੀ ਜੋ ਭਾਸ਼ਾ, ਬੌਧਿਕ ਸ਼ਕਤੀ ਅਤੇ ਸਰੀਰਕ ਹੁਨਰਾਂ ਦੇ ਵਿਕਾਸ ਵਿੱਚ ਸਹਾਇਤਾ ਕਰ ਸਕਦੀਆਂ ਹਨ। ਸਾਡਾ ਧਿਆਨ ਖਿਡੌਣਿਆਂ ਦੇ ਵਿਸ਼ੇਸ਼ ਬ੍ਰਾਂਡਾਂ 'ਤੇ ਨਹੀਂ ਹੈ ਅਤੇ ਇਹ ਕੋਈ ਸੰਪੂਰਨ ਸੂਚੀ ਨਹੀਂ ਹੈ। ਹਰੇਕ ਬੱਚੇ ਦਾ ਵਿਕਾਸ ਵੱਖੋ-ਵੱਖਰਾ ਹੁੰਦਾ ਹੈ। ਜੇਕਰ ਤੁਹਾਨੂੰ ਆਪਣੇ ਬੱਚੇ ਬਾਰੇ ਕੋਈ ਚਿੰਤਾ ਹੈ, ਤਾਂ ਆਪਣੇ GP ਜਾਂ ਹੈਲਥ ਵਿਜ਼ਿਟਰ ਨਾਲ ਗੱਲ ਕਰੋ।

©2025. *Many thanks to Prestige Network for this translation on behalf of the Accessible Team at University Hospital Southampton*

Ei SMART

ਉੱਚ-ਜੋਖਮ ਵਾਲੇ ਨਵਜੰਮੇ ਬੱਚਿਆਂ ਲਈ ਇੱਕ ਬਿਹਤਰ ਸ਼ੁਰੂਆਤ

## ਬੱਚਿਆਂ ਲਈ ਇੱਕ ਬਿਹਤਰ ਸ਼ੁਰੂਆਤ

ਸੰਵੇਦੀ | ਗਤੀਸ਼ੀਲਤਾ | ਧਿਆਨ/ਨਿਯੰਤਰਣ | ਰਿਸ਼ਤੇ | ਮਿਲ ਕੇ

# ਖੇਡ ਰਾਹੀਂ ਆਪਣੇ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨਾ: 0 ਤੋਂ 3 ਮਹੀਨੇ ਦੇ ਬੱਚੇ

ਸਾਡੀ ਵੈੱਬਸਾਈਟ 'ਤੇ ਜਾਓ: www.eismart.co.uk @EISmart @EI_Smart

## ਵੱਖ-ਵੱਖ ਸਥਿਤੀਆਂ ਵਿੱਚ ਇਕੱਠੇ ਖੇਡੋ

### ਗੋਦੀ ਵਿੱਚ ਫੜਨਾ



ਆਪਣੇ ਬੱਚੇ ਦਾ ਸਿਰ ਆਪਣੀ ਕੋਹਣੀ ਵਿੱਚ ਰੱਖੋ ਅਤੇ ਉਸਦੇ ਸਰੀਰ ਨੂੰ ਦੋਵਾਂ ਹੱਥਾਂ ਨਾਲ ਸਹਾਰਾ ਦਿਓ

### ਰੁੱਖ ਦੀ ਗੋਦ ਵਿੱਚ ਬਾਘ ਵਾਂਗ ਫੜਨਾ



ਬੱਚੇ ਨੂੰ ਆਪਣੀ ਬਾਂਹ ਉੱਤੇ ਲਟਾਓ, ਜਿੱਥੇ ਤੁਹਾਡਾ ਹੱਥ ਉਨ੍ਹਾਂ ਦੀਆਂ ਲੱਤਾਂ ਦੇ ਵਿਚਕਾਰ ਹੋਵੇ, ਦੂਜੇ ਹੱਥ ਨਾਲ ਬੱਚੇ ਦੀ ਪਿੱਠ ਨੂੰ ਸਹਾਰਾ ਦਿਓ

### ਮੋਢੇ ਦਾ ਸਹਾਰਾ



ਆਪਣੇ ਬੱਚੇ ਦਾ ਸਿਰ ਆਪਣੇ ਮੋਢੇ 'ਤੇ ਰੱਖੋ ਅਤੇ ਦੂਜੇ ਹੱਥ ਨਾਲ ਸਿਰ ਅਤੇ ਗਰਦਨ ਨੂੰ ਸਹਾਰਾ ਦਿਓ

### ਪੱਟਾਂ 'ਤੇ ਰੱਖਣਾ



ਬੱਚੇ ਦਾ ਸਿਰ ਆਪਣੇ ਗੋਡਿਆਂ ਕੋਲ ਰੱਖੋ ਅਤੇ ਦੋਵਾਂ ਹੱਥਾਂ ਨਾਲ ਸਹਾਰਾ ਦਿਓ

## ਇਹਨਾਂ ਗੱਲਾਂ ਦੀ ਮਹੱਤਤਾ ਨੂੰ ਯਾਦ ਰੱਖੋ...

### ਜਦੋਂ ਬੱਚੇ ਨੂੰ ਚੁੱਕ ਰਹੇ ਹੋਵੋ...



ਯਕੀਨੀ ਬਣਾਓ ਕਿ ਬੱਚੇ ਦਾ ਸਰੀਰ ਸਿਰ ਤੋਂ ਪਹਿਲਾਂ ਸਤ੍ਹਾ ਨੂੰ ਛੂਹੇ। ਨਹੀਂ ਤਾਂ, ਬੱਚਾ ਘਬਰਾ ਸਕਦਾ ਹੈ।

### ਚਮੜੀ ਨਾਲ ਚਮੜੀ ਦਾ ਸੰਪਰਕ





ਤੁਹਾਡਾ ਬੱਚਾ ਤੁਹਾਡੀ ਨੰਗੀ ਛਾਤੀ ਨਾਲ ਲੱਗ ਕੇ ਆਰਾਮ ਕਰੇ ਅਤੇ ਆਪਣੇ ਆਪ ਨੂੰ ਕੰਬਲ ਨਾਲ ਢੱਕ ਲਓ। ਇਹ ਦਿਲ ਦੀ ਧੜਕਣ, ਸਾਹ ਅਤੇ ਤਾਪਮਾਨ ਨੂੰ ਨਿਯਮਤ ਕਰਦਾ ਹੈ। ਇਹ ਤੁਹਾਡੇ ਅਤੇ ਤੁਹਾਡੇ ਬੱਚੇ ਵਿਚਕਾਰ ਆਪਸੀ ਸਾਂਝ ਨੂੰ ਵਧਾਉਂਦਾ ਹੈ

### ਸਮਾਜਿਕ-ਭਾਵਨਾਤਮਕ ਵਿਕਾਸ



ਇਸ ਉਮਰ ਦੇ ਬੱਚੇ ਆਮ ਤੌਰ 'ਤੇ ਲੋਕਾਂ ਵੱਲ ਮੁਸਕਰਾ ਕੇ ਅਤੇ ਸ਼ਾਂਤ ਹੋਣ ਲਈ ਆਪਣੇ ਹੱਥ ਮੂੰਹ ਵਿੱਚ ਪਾ ਕੇ ਦੁਨੀਆ ਵਿੱਚ ਵੱਧ ਰਹੀ ਦਿਲਚਸਪੀ ਅਤੇ ਸਵੈ-ਨਿਯੰਤਰਣ ਦਿਖਾਉਂਦੇ ਹਨ

## ਆਪਣੇ ਬੱਚੇ ਦੇ ਦਿਮਾਗ ਨੂੰ ਤੇਜ਼ ਕਰੋ...

### ਅਕਸਰ ਆਹਮੋ-ਸਾਹਮਣੇ ਸਮਾਂ ਬਿਤਾਉਣਾ



ਇਹ ਇੱਕ ਪਿਆਰ ਭਰਿਆ ਅਤੇ ਨਜ਼ਦੀਕੀ ਰਿਸ਼ਤਾ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਸਮੇਂ ਨੂੰ ਆਪਣੇ ਬੱਚੇ ਨਾਲ ਗੱਲ ਕਰਨ ਅਤੇ ਗਾਉਣ ਲਈ ਵਰਤੋ।

### ਗੱਲਬਾਤ ਦੀਆਂ ਗਤੀਵਿਧੀਆਂ



ਨੈਪੀ ਬਦਲਦੇ ਸਮੇਂ ਜਾਂ ਦੁੱਧ ਪਿਲਾਉਂਦੇ ਸਮੇਂ ਆਪਣੇ ਬੱਚੇ ਨਾਲ ਗੱਲ ਕਰੋ ਅਤੇ ਗੀਤ ਗਾਓ। ਬੱਚੇ ਦੁਆਰਾ ਕੱਢੀਆਂ ਆਵਾਜ਼ਾਂ ਨੂੰ ਦੁਹਰਾਓ ਅਤੇ ਗੱਲ ਕਰਨ ਵਿੱਚ ਆਪਣੀ ਵਾਰੀ ਲਓ।

### ਆਪਣੇ ਬੱਚੇ ਨਾਲ ਨੱਚਣਾ



ਆਪਣੇ ਬੱਚੇ ਨੂੰ ਆਪਣੀ ਹਿੱਕ ਨਾਲ ਲਾ ਕੇ ਹੌਲੀ-ਹੌਲੀ ਹੁਲਾਰੇ ਦਿਓ, ਪਰ ਬੱਚੇ ਦੀ ਪਸੰਦ ਦਾ ਧਿਆਨ ਰੱਖੋ ਅਤੇ ਵਿਚਕਾਰ ਆਰਾਮ ਵੀ ਦਿਓ

**ਕੀ ਤੁਸੀਂ ਜਾਣਦੇ ਹੋ?** ਬੱਚੇ ਪਿਆਰ ਅਤੇ ਲਾਡ ਦੇ ਭੁੱਖੇ ਹੁੰਦੇ ਹਨ, ਜਦੋਂ ਤੁਸੀਂ ਉਨ੍ਹਾਂ ਦੇ ਇਸ਼ਾਰਿਆਂ ਅਤੇ ਆਵਾਜ਼ਾਂ ਦਾ ਹੁੰਗਾਰਾ ਭਰਦੇ ਹੋ, ਤਾਂ ਉਹ ਬਹੁਤ ਖੁਸ਼ ਹੁੰਦੇ ਹਨ ਅਤੇ ਵਧਦੇ-ਫੁੱਲਦੇ ਹਨ। ਯਾਦ ਰੱਖੋ ਕਿ ਮਹਿੰਗੇ ਖਿਡੌਣਿਆਂ ਦੀ ਲੋੜ ਨਹੀਂ ਹੈ: ਤੁਹਾਡਾ ਚਿਹਰਾ, ਤੁਹਾਡੀ ਆਵਾਜ਼, ਅਤੇ ਪਾਰਕ ਵਿੱਚ ਘੁੰਮਦੇ ਹੋਏ ਪੱਤਿਆਂ ਨੂੰ ਦੇਖਣਾ ਹੀ ਤੁਹਾਡੇ ਬੱਚੇ ਲਈ ਬਹੁਤ ਦਿਲਚਸਪ ਹੋਵੇਗਾ।

ਖੇਡ ਹੀ ਉਹ ਤਰੀਕਾ ਹੈ ਜਿਸ ਰਾਹੀਂ ਬੱਚਾ ਸਿੱਖਦਾ ਹੈ। ਇਹ ਲੀਫਲੈਟ (ਪਰਚਾ) ਅਜਿਹੀਆਂ ਗਤੀਵਿਧੀਆਂ ਦੇ ਵਿਚਾਰ ਪ੍ਰਦਾਨ ਕਰਨ ਲਈ ਬਣਾਇਆ ਗਿਆ ਸੀ ਜੋ ਭਾਸ਼ਾ, ਬੌਧਿਕ ਸ਼ਕਤੀ ਅਤੇ ਸਰੀਰਕ ਹੁਨਰਾਂ ਦੇ ਵਿਕਾਸ ਵਿੱਚ ਸਹਾਇਤਾ ਕਰ ਸਕਦੀਆਂ ਹਨ। ਸਾਡਾ ਧਿਆਨ ਖਿਡੌਣਿਆਂ ਦੇ ਵਿਸ਼ੇਸ਼ ਬ੍ਰਾਂਡਾਂ 'ਤੇ ਨਹੀਂ ਹੈ ਅਤੇ ਇਹ ਕੋਈ ਸੰਪੂਰਨ ਸੂਚੀ ਨਹੀਂ ਹੈ।
ਹਰੇਕ ਬੱਚੇ ਦਾ ਵਿਕਾਸ ਵੱਖੋ-ਵੱਖਰਾ ਹੁੰਦਾ ਹੈ। ਜੇਕਰ ਤੁਹਾਨੂੰ ਆਪਣੇ ਬੱਚੇ ਬਾਰੇ ਕੋਈ ਚਿੰਤਾ ਹੈ, ਤਾਂ ਆਪਣੇ GP ਜਾਂ ਹੈਲਥ ਵਿਜ਼ਿਟਰ ਨਾਲ ਗੱਲ ਕਰੋ।

©2025. *Many thanks to Prestige Network for this translation on behalf of the Accessible Team at University Hospital Southampton*